**Series BVM**

**SET-4**

ਕੋਡ ਨੰ. **224**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **7** ਪੰਨੇ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **25** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।
- Please check that this question paper contains **7** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **25** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਗ੍ਰਿਹ ਵਿਗਿਆਨ (ਥਿਯੋਰੀ)

## (ਪੰਜਾਬੀ ਉਲਥਾ)

# HOME SCIENCE (Theory)

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 70*

*Time allowed : 3 hours* | *Maximum Marks : 70*

***ਵਿਆਪਕ ਨਿਰਦੇਸ਼ :***

*(i)* ***ਸਾਰੇ*** *ਪ੍ਰਸ਼ਨ ਜਰੂਰੀ ਹਨ ।*

*(ii)* *ਇਸ ਪ੍ਰਸ਼ਨ ਪਤ੍ਰ ਵਿਚ ਕੁਲ* ***25*** *ਪ੍ਰਸ਼ਨ ਹਨ ।*

*(iii)* *ਪ੍ਰਸ਼ਨ ਸੰਖਿਆ* ***1 – 6*** *ਤਕ* ***1*** *ਅੰਕ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***ਇਕ ਜਾਂ ਦੋ*** *ਲਾਇਨਾਂ ਵਿਚ ਦਿਓ ।*

*(iv)* *ਪ੍ਰਸ਼ਨ ਸੰਖਿਆ* ***7 – 13*** *ਤਕ* ***2*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***10 – 20*** *ਸ਼ਬਦਾਂ ਵਿਚ ਦਿਓ ।*

*(v)* *ਪ੍ਰਸ਼ਨ ਸੰਖਿਆ* ***14 – 15*** *ਤਕ* ***3*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***20 – 30*** *ਸ਼ਬਦਾਂ ਵਿਚ ਦਿਓ ।*

*(vi)* *ਪ੍ਰਸ਼ਨ ਸੰਖਿਆ* ***16 – 21*** *ਤਕ* ***4*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***40*** *ਸ਼ਬਦਾਂ ਵਿਚ ਦਿਓ ।*

*(vii)* *ਪ੍ਰਸ਼ਨ ਸੰਖਿਆ* ***22 – 25*** *ਤਕ* ***5*** *ਅੰਕਾਂ ਦੇ ਪ੍ਰਸ਼ਨ ਹਨ, ਜਿਨ੍ਹਾਂ ਦੇ ਉੱਤਰ* ***50 – 60*** *ਸ਼ਬਦਾਂ ਵਿਚ ਦਿਓ ।*

*(viii)* *ਜਿਥੇ ਲੋੜ ਹੋਵੇ ਢੁਕਵਾਂ ਉਦਾਹਰਣ ਸਹਿਤ ਉੱਤਰ ਦਿਓ ।*

**ਭਾਗ ੳ**

**1.** ਕੋਈ ਦੋ ਖਾਣ ਪਦਾਰਥਾਂ ਦੇ ਨਾਂ ਲਿਖੋ ਜਿਹਨਾਂ ਨੂੰ ISI ਦਾ ਚਿੰਨ੍ਹ ਦਿੱਤਾ ਜਾਂਦਾ ਹੈ । *1*

**ਜਾਂ**

ਬੂਰਾ ਚੀਨੀ ਅਤੇ ਸ਼ੁੱਧ ਘਿਉ ਵਿਚ ਪਾਈ ਜਾਣ ਵਾਲੀ ਇਕ-ਇਕ ਸੰਭਵੀ ਮਿਲਾਵਟ ਦਸੋ । *1*

**2.** MGNREGA ਦੇ ਅੰਤਰਗਤ ਕੀਤੀਆਂ ਜਾਣਵਾਲੀਆਂ ਕਿਸੇ ਦੋ ਗਤੀਵਿਧੀਆਂ ਦੇ ਨਾਂ ਲਿਖੋ । *1*

**3.** ਕਪੜਿਆਂ ਤੋਂ ਧੱਬੇ ਛੁਡਾਉਣ ਲਈ ਇਕ ਚਿਕਨਾਈ ਸੋਖਕ ਅਤੇ ਇਕ ਅਮਲ ਦਾ ਨਾਂ ਲਿਖੋ । *1*

**4.** ਬੈਂਕ ਦੇ ਸਥਾਈ ਸਮਾਂ ਜਮ੍ਹਾ ਖਾਤੇ ਦੇ ਦੋ ਲਾਭ ਦੱਸਕੇ ਆਪਣੇ ਭਰਾ ਨੂੰ ਇਸ ਵਿਚ ਨਿਵੇਸ਼ ਕਰਨ ਲਈ ਪ੍ਰੇਰਿਤ ਕਰੋ । *1*

**5.** ਕਪੜਾ ਵਿਗਿਆਨ ਦਾ ਜਾਣਕਾਰੀ ਪ੍ਰਾਪਤ ਕਰਕੇ ਅਪਣੀ ਪਰਵਾਰਕ ਆਮਦਨੀ ਵਧਾਉਣ ਦੇ ਦੋ ਤਰੀਕਿਆਂ ਦਾ ਸੁਝਾਉ ਦਿਉ । *1*

**6.** ਕਿਸ ਪੋਸ਼ਕ ਤੱਤ ਦੀ ਕਮੀ ਕਾਰਣ ਗਰਭਵਤੀ ਮਹਿਲਾਵਾਂ ਨੂੰ ਅਨੀਮੀਆ ਹੋ ਸਕਦਾ ਹੈ ? ਗਰਭਵਤੀ ਮਹਿਲਾ ਦੇ ਲਈ ਆਈ.ਸੀ.ਐਮ.ਆਰ. (ICMR) ਨੇ ਰੌਜ਼ਾਨਾ ਮਾਤਰਾ ਕਿਤਨੀ ਤਹਿ ਕੀਤੀ ਹੈ ? *1*

**ਜਾਂ**

ਮਾਂ ਦੇ ਦੁੱਧ ਦੇ ਸਹੀ ਮਾਤਰਾ ਵਿਚ ਆਉਣ ਲਈ ਕਿਹੜੇ ਪੋਸ਼ਕ ਤੱਤਾਂ ਦੀ ਲੋੜ ਹੁੰਦੀ ਹੈ ? ਉਸ ਨੂੰ (ਮਾਤਾ) ਰੋਜ਼ਾਨਾ ਉਹ ਤੱਤ ਕਿਤਨੀ ਮਾਤਰਾ ਵਿਚ ਲੈਣਾ ਚਾਹੀਦਾ ਹੈ ? *1*

## ਭਾਗ ਅ

**7.** ਖੁਰਾਕ ਯੋਜਨਾਵਾਂ ਉਤੇ ਇਲਾਕੇ ਅਤੇ ਪਰਿਵਾਰ ਦੀਆਂ ਪਰੰਪਰਾਵਾਂ ਦਾ ਪ੍ਰਭਾਵ ਪੈਂਦਾ ਹੈ । ਦੋ–ਦੋ ਉਦਾਹਰਨਾਂ ਦੀ ਸਹਾਇਤਾ ਨਾਲ ਇਸ ਕਥਨ ਦਾ ਸਮਰਥਨ ਕਰੋ । *2*

**ਜਾਂ**

ਹਰੇਕ ਪਰਿਵਾਰ ਆਪਣੇ ਖਾਣ ਪਦਾਰਥਾਂ ਦੀ ਚੋਣ ਸਿਹਤ ਅਤੇ ਭੋਜਨ ਸੰਬੰਧੀ ਪ੍ਰਥਾਵਾਂ ਦੇ ਅਨੁਸਾਰ ਕਰਦਾ ਹੈ । ਇਸ ਕਥਨ ਦੀ ਪੁਸ਼ਟੀ ਦੋ–ਦੋ ਉਦਾਹਰਨਾਂ ਦੀ ਸਹਾਇਤਾ ਨਾਲ ਕਰੋ । *2*

8. ਤੁਹਾਡੀ ਪੌਸ਼ਾਕ ਦੇ ਰੰਗਾਂ ਦੀ ਚੋਣ ਕਿਨ੍ਹਾਂ ਚਾਰ ਕਾਰਕਾਂ ਤੋਂ ਪ੍ਰਭਾਵਿਤ ਹੁੰਦੀ ਹੈ ? *2*

9. ਆਪਣੇ ਸਕੂਲ ਦੀ ਕੈਂਟੀਨ ਦੇ ਨਿਰੀਖਣ ਦੇ ਅਧਾਰ ਤੇ ਤੁਸੀਂ ਉਸ ਦੀਆਂ ਕਿਹੜੀਆਂ ਚਾਰ ਅਸਵੱਛ ਪ੍ਰਸਥਿਤੀਆਂ ਨੂੰ ਬਦਲਣਾ ਚਾਹੋਗੇ ? *2*

10. ਪਤਨੀ ਦੀ ਮੌਤ ਤੋਂ ਬਾਦ, ਤੁਹਾਡੇ ਚਾਚਾਜੀ ਬਿਰਧ ਆਸ਼ਰਮ ਵਿਚ ਰਹਿਣਾ ਚਾਹੁੰਦੇ ਹਨ । ਆਪਣੀਆਂ ਭੌਤਿਕ ਜ਼ਰੂਰਤਾਂ ਦੀ ਪੂਰਤੀ ਲਈ ਉਹਨਾਂ ਨੂੰ ਬਿਰਧ ਆਸ਼ਰਮ ਵਿਚ ਕਿਹੜੀਆਂ ਚਾਰ ਸਹੂਲਤਾਂ ਦੀ ਜਾਂਚ ਕਰਨੀ ਚਾਹੀਦੀ ਹੈ ? *2*

11. ਦੁਪਹਿਰ ਦੇ ਭੋਜਨ ਵਿਚ ਅੰਡਾ ਟਮਾਟਰ ਸਬਜ਼ੀ ਅਤੇ ਸਾਦਾ ਪਰਾਂਠਾ ਪਰੋਸਿਆ ਗਿਆ ਹੈ । ਇਕ ਬੁਖ਼ਾਰ ਨਾਲ ਪੀੜਤ ਵਿਅਕਤੀ ਦੀ ਲੋੜ ਲਈ ਇਸ ਖ਼ੁਰਾਕ ਵਿਚ ਦੋ ਪਰਕਾਰ ਦੇ ਪਰਿਵਰਤਨ ਦੀ ਸਲਾਹ ਦਿਉ । ਆਪਣੇ ਉੱਤਰ ਨੂੰ ਉਦਾਹਰਨ ਸਹਿਤ ਪਰਪੱਕ ਕਰੋ । *2*

**ਜਾਂ**

ਇਕ ਕਿਸ਼ੋਰ ਉਮਰ ਦੀ ਕੁੜੀ ਦੀਆਂ ਪੌਸ਼ਟਿਕ ਲੋੜਾਂ ਦੀ ਪੂਰਤੀ ਲਈ ਇਡਲੀ ਸਾਂਬਰ ਦੀ ਖ਼ੁਰਾਕ ਵਿਚ ਦੋ ਪਰਿਵਰਤਨ ਸੁਝਾਓ । ਆਪਣੇ ਸੁਝਾਅ ਦੇ ਕਾਰਨ ਦਸੋ । *2*

12. ਅੱਠਾਈ ਸਾਲ ਦਾ ਮੋਹਨ ਆਪਣੀ ਨੌਕਰੀ ਤੋਂ ਤਿਆਗ ਪੱਤਰ ਦੇਣਾ ਚਾਹੁੰਦਾ ਹੈ । ਉਸਨੂੰ ਨੌਕਰੀ ਸੰਬੰਧੀ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੇ ਚਾਰ ਤਰੀਕਿਆਂ ਦਾ ਸੁਝਾਅ ਦਿਓ । *2*

13. ਕਿਸ਼ੋਰਾਂ ਦੇ ਵਿਅਕਤਿਤਵ ਉਤੇ ਪਰਿਵਾਰ ਦੇ ਵਾਤਾਵਰਨ ਦਾ ਗਹਿਰਾ ਪ੍ਰਭਾਵ ਪੈਂਦਾ ਹੈ । ਕੋਈ ਦੋ ਉਦਾਹਰਨਾਂ ਨਾਲ ਇਸ ਕਥਨ ਦੀ ਪੁਸ਼ਟੀ ਕਰੋ । *2*

**ਜਾਂ**

ਸੁਰੇਸ਼ ਦੇ ਮਿੱਤਰ ਉਸ ਉਤੇ ਨਸ਼ੀਲੇ ਪਦਾਰਥ ਲੈਣ ਲਈ ਅਕਸਰ ਦਬਾਅ ਪਾਉਂਦੇ ਹਨ । ਜੇਕਰ ਤੁਸੀਂ ਸੁਰੇਸ਼ ਹੁੰਦੇ ਤਾਂ ਤੁਸੀਂ ਉਨ੍ਹਾਂ ਕਿਹੜੇ ਚਾਰ ਤਰੀਕਿਆਂ ਨਾਲ ਨਿਬੜਦੇ ? *2*

## ਭਾਗ ੲ

14. ਕਲੋਰੀਨ ਦੀਆਂ ਗੋਲੀਆਂ ਇਸਤੇਮਾਲ ਕਰਨ ਵੇਲੇ ਅਤੇ ਪੀਣ ਵਾਲੇ ਪਾਣੀ ਨੂੰ ਭਾਂਡੇ ਵਿਚ ਇਕੱਠਾ ਕਰਨ ਵੇਲੇ ਤੁਸੀਂ ਕਿਹੜੀਆਂ ਤਿੰਨ ਸਾਵਧਾਨੀਆਂ ਵਰਤੋਗੇ ? 3

15. ਤੁਹਾਡੇ ਭਰਾ ਦਾ ਆਪਣਾ ਕਾਰੋਬਾਰ ਹੈ । ਉਸਨੂੰ ਦੋ ਪੂੰਜੀ ਲਗਾਉਣ ਵਾਲੀਆਂ ਯੋਜਨਾਵਾਂ ਦਾ ਸੁਝਾਅ ਦਿਉ ਜਿਹਨਾਂ ਦੇ ਵਿਆਜ਼ ਉਤੇ ਟੈਕਸ ਨਹੀਂ ਲਗਦਾ । ਇਨ੍ਹਾਂ ਯੋਜਨਾਵਾਂ ਦੀਆਂ ਦੋ-ਦੋ ਹੋਰ ਵਿਸ਼ੇਸ਼ਤਾਵਾਂ ਵੀ ਦਸੋ । 3

**ਜਾਂ**

ਸੇਵਾ-ਨਿਵ੍ਰਿਤਿ ਦੇ ਪਿੱਛੋਂ, ਤੁਹਾਡੇ ਪਿਤਾਜੀ ਨੂੰ ਦਸ ਲੱਖ ਰੁਪੈ ਮਿਲੇ । ਉਨ੍ਹਾਂ ਨੂੰ ਡਾਕਖਾਨੇ ਦੀਆਂ ਦੋ ਨਿਵੇਸ਼ ਯੋਜਨਾਵਾਂ ਦਾ ਸੁਝਾਉ ਦਿਓ ਜਿਨ੍ਹਾਂ ਨੂੰ ਟੈਕਸ ਛੂਟ ਦੀ ਸੁਵਿਧਾ ਹੋਵੇ । ਇਨ੍ਹਾਂ ਯੋਜਨਾਵਾਂ ਦੀਆਂ ਦੋ-ਦੋ ਹੋਰ ਵਿਸ਼ੇਸ਼ਤਾਵਾਂ ਲਿਖੋ । 3

## ਭਾਗ ਸ

16. ਕਿਸ਼ੋਰਾਂ ਵਿਚ ਉਦਾਸੀਨਤਾ ਦੇ ਚਾਰ ਸੰਭਵ ਕਾਰਨ ਕੀ ਹੋ ਸਕਦੇ ਹਨ ? ਇਨ੍ਹਾਂ ਦੀ ਮਦਦ ਕਰਨ ਦੇ ਚਾਰ ਤਰੀਕੇ ਸੁਝਾਓ । 4

17. ਉਪਭੋਗਤਾ ਸੁਰੱਖਿਆ ਕਾਨੂੰਨ ਨੂੰ ਉਪਭੋਗਤਾ ਦੇ ਹਿੱਤ ਲਈ ਬਣਾਇਆ ਗਿਆ ਹੈ । ਇਸਦੀਆਂ ਅੱਠ ਮੁੱਖ ਵਿਸ਼ੇਸ਼ਤਾਵਾਂ ਦਸੋ । 4

**ਜਾਂ**

ਪਰਿਵਾਰ ਨੂੰ ਆਪਣੀ ਮੁਦਰਕ (ਰੁਪਏ ਪੈਸੇ) ਦੀ ਆਮਦਨ ਅਤੇ ਵਾਸਤਵਿਕ ਆਮਦਨ ਨੂੰ ਵਧਾਉਣ ਦੇ ਚਾਰ ਚਾਰ ਤਰੀਕਿਆਂ ਦਾ ਸੁਝਾਅ ਦਿਓ । 4

18. ਕੇਸਰੀ ਦਾਲ ਵਿਚ ਮਿਲਾਵਟ ਕੀਤੇ ਖਾਣ ਪਦਾਰਥ ਦੇ ਸੇਵਨ ਨਾਲ ਸਿਹਤ ਉਤੇ ਕਿਹੜੇ ਦੋ ਬੁਰੇ ਪ੍ਰਭਾਵ ਪੈ ਸਕਦੇ ਹਨ ? ਅਜਿਹੇ ਖ਼ਤਰਿਆਂ ਤੋਂ ਬਚਣ ਲਈ ਛੇ ਤਰੀਕਿਆਂ ਦਾ ਸੁਝਾਅ ਦਿਓ । 4

**ਜਾਂ**

ਆਪਣੇ ਭੋਜਨ ਵਿਚ ਇਕ ਮਿਲਾਵਟ ਦਾ ਨਾਂ ਦਸੋ ਜਿਸ ਦੇ ਕਾਰਨ ਸਰੀਰ ਦੇ ਖੁਲ੍ਹੇ ਭਾਗ ਉਤੇ ਚਟਾਕ (ਚਿਕੱਤੇ) ਹੋ ਸਕਦੇ ਹਨ । ਅਜਿਹੇ ਖਾਣ ਪਦਾਰਥ ਦੇ ਲਗਾਤਾਰ ਸੇਵਨ ਨਾਲ ਸਿਹਤ ਉਤੇ ਕਿਹੜੇ ਹੋਰ ਚਾਰ ਦੁਰਪ੍ਰਭਾਵ ਹੋ ਸਕਦੇ ਹਨ ? ਤਿੰਨ ਖਾਣ ਪਦਾਰਥਾਂ ਦੇ ਨਾਂ ਦਸੋ ਜਿਹਨਾਂ ਵਿਚ ਇਹ ਮਿਲਾਵਟ ਮਿਲਦੀ ਹੈ । 4

**19.** ਗਾਹਕਾਂ ਨੂੰ ਧੋਖਾ ਦੇਣ ਲਈ ਇਕ ਸੁਨਿਆਰਾ ਕਿਹੜੀਆਂ ਤਿੰਨ ਕੁਰੀਤੀਆਂ ਅਪਣਾ ਸਕਦਾ ਹੈ ? ਅਜਿਹੀ ਧੋਖਾਧੜੀ ਤੋਂ ਬਚਣ ਲਈ ਉਪਭੋਗਤਾ ਕਿਹੜੇ ਤਿੰਨ ਕਦਮ ਚੁੱਕ ਸਕਦਾ ਹੈ ? ਵਿਸ਼ਵਾਸ ਵਾਲਾ ਸੋਨਾ ਖ਼ਰੀਦਣ ਲਈ ਉਪਭੋਗਤਾ ਨੂੰ ਕਿਹੜੇ ਮਾਨਕ-ਚਿੰਨ੍ਹ ਦੀ ਜਾਂਚ ਕਰਨੀ ਚਾਹੀਦੀ ਹੈ ? ਇਸਦਾ ਚਿੱਤਰ ਬਣਾਓ । *4*

**ਜਾਂ**

ਖੇਤੀ ਦੇ ਉਤਪਾਦਕਾਂ ਨੂੰ ਦਿੱਤੇ ਗਏ ਗੁਣਵੱਤਾ ਵਿਸ਼ਵਾਸ ਚਿੰਨ੍ਹ ਦਾ ਚਿੱਤਰ ਬਣਾਓ । ਉਪਭੋਗਤਾ ਨੂੰ ਸਬਜ਼ੀ ਵੇਚਣ ਵਾਲੇ ਦੀ ਤਿੰਨ ਭੈੜੀਆਂ ਚਾਲਾਂ ਨਾਲ ਵਾਕਫ਼ ਕਰੋ । ਇਸ ਸੰਦਰਭ ਵਿਚ ਉਹਨਾਂ ਦੀਆਂ ਤਿੰਨ ਜ਼ਿੰਮੇਵਾਰੀਆਂ ਕੀ ਹਨ ? *4*

**20.** ਤੁਹਾਡੇ ਭਰਾ ਦੀ ਚਮੜੀ ਪੀਲੀ ਹੋ ਗਈ ਹੈ । ਇਹ ਕਿਹੜੇ ਰੋਗ ਦੇ ਲੱਛਣ ਹੋ ਸਕਦੇ ਹਨ ? ਇਸ ਰੋਗ ਦੇ ਤਿੰਨ ਹੋਰ ਖ਼ਾਸ ਲੱਛਣ ਦਸੋ ਜਿਸ ਨਾਲ ਤੁਹਾਡਾ ਸ਼ੱਕ ਯਕੀਨ ਵਿਚ ਬਦਲ ਜਾਏ । ਉਸਦੇ ਭੋਜਨ ਵਿਚ ਚਾਰ ਪਰਿਵਰਤਨ ਕਰਨ ਦੇ ਸੁਝਾਅ ਦਿਓ । *4*

**21.** ਆਪਣੇ ਬੁਸ਼ਰਟ ਦੇ ਲਈ ਮਜ਼ਬੂਤ ਕਪੜਾ ਖਰੀਦਣ ਵੇਲੇ ਤੁਸੀਂ ਕਿਹਨਾਂ ਚਾਰ ਵਿਸ਼ੇਸ਼ਤਾਵਾਂ ਦੀ ਜਾਂਚ ਕਰੋਗੇ ? ਇਸਦੀ ਸੰਤੋਖਜਨਕ ਕਾਰੀਗਰੀ ਲਈ ਦਰਜ਼ੀ ਨੂੰ ਚਾਰ ਹਿਦਾਇਤਾਂ ਦਿਓ । *4*

**ਭਾਗ ਦ**

**22.** ਉਪਭੋਗਤਾਵਾਂ (ਗਾਹਕਾਂ) ਲਈ ਲੇਬਲ ਇਕ ਮਹੱਤਵਪੂਰਨ ਸਹਾਇਕ ਹੈ । ਇਸਦੇ ਛੇ ਲਾਭ ਅਤੇ ਚਾਰ ਕਮੀਆਂ ਦਸੋ । *5*

**23.** ਵਿਕਾਸ ਦੇ ਕੋਈ ਪੰਜ ਸਿਧਾਂਤਾਂ ਨੂੰ ਉਦਾਹਰਨ ਦੀ ਸਹਾਇਤਾ ਨਾਲ ਸਮਝਾਓ । *5*

**24.** ਸੂਤੀ ਸਾੜ੍ਹੀ ਉੱਤੋਂ ਧੱਬੇ ਛੁੜਾਉਣ ਵੇਲੇ ਉਸ ਦਾ ਰੰਗ ਉਤਰ ਗਿਆ । ਇਸਦੇ ਛੇ ਕਾਰਨ ਦਸੋ । ਇਹਨਾਂ ਦਾ ਸੰਗ੍ਰਿਹ ਕਰਦੇ ਵੇਲੇ ਕਿਹੜੀਆਂ ਚਾਰ ਸਾਵਧਾਨੀਆਂ ਰਖਣੀਆਂ ਚਾਹੀਦੀਆਂ ਹਨ ? *5*

**25.** ਅਲਕਾ ਇਕ ਗਿੱਠੇ ਕੱਦ ਵਾਲੀ ਮੋਟੀ ਇਸਤਰੀ ਲਈ ਸਾੜ੍ਹੀ ਬਲਾਊਜ਼ ਦਾ ਡਿਜ਼ਾਈਨ ਬਣਾ ਰਹੀ ਹੈ । ਉਸਨੂੰ ਕਲਾ ਦੇ ਚਾਰੋਂ ਤੱਤਾਂ ਦਾ ਇਸਤੇਮਾਲ ਕਿਵੇਂ ਕਰਨਾ ਚਾਹੀਦਾ ਹੈ ? ਇਸ ਪੋਸ਼ਾਕ ਵਿਚ ਲੈਅ ਲਿਆਉਣ ਦੇ ਤਿੰਨ ਤਰੀਕੇ ਦਿਖਾਓ । *5*

**ਜਾਂ**

ਸਲਵਾਰ ਕਮੀਜ਼ ਵਿਚ ਡਿਜ਼ਾਈਨ ਦੇ ਪੰਜੋ ਸਿਧਾਂਤਾਂ ਨੂੰ ਲੇਬਲ ਸਹਿਤ ਦਿਖਾਓ । *5*